# ਮੁਲਤਾਨੀ ਮੱਲ ਮੋਦੀ ਕਾਲਜ, ਪਟਿਆਲਾ

## ਲਿੰਗ- ਸਮਾਨਤਾ ਸੰਵੇਦਨਸ਼ੀਲਤਾ ਯੋਜਨਾ

ਮੌਜੂਦਾ ਦੌਰ ਦੇ ਸਮਾਜਿਕ ਮੁੱਦਿਆਂ ਬਾਰੇ ਅਗਾਂਹ-ਵਧੂ ਨਜ਼ਰੀਏ ਦਾ ਧਾਰਨੀ ਹੋਣ ਕਾਰਣ ਕਾਲਜ ਲਿੰਗਕ ਮੁੱਦਿਆਂ ਬਾਰੇ ਸੁਚੇਤ ਹੈ।ਕਾਲਜ ਵੱਲੋਂ ਲਿੰਗ-ਸਮਾਨਤਾ ਸਬੰਧੀ ਸੰਵੇਦਨਸ਼ੀਲਤਾ ਨੂੰ ਪੁਖਤਾ ਕਰਨ ਲਈ ਯੋਜਨਾ ਉਲੀਕੀ ਤੇ ਲਾਗੂ ਕੀਤੀ ਗਈ ਹੈ।ਇਸ ਅਨੁਸਾਰ ਜਿੱਥੇ ਦਾਖਲਿਆਂ ਦੌਰਾਨ ਲਿੰਗਕ- ਸਮਾਨਤਾ ਨੂੰ ਤਰਜੀਹ ਦਿੱਤੀ ਗਈ ਹੈ ਉੱਥੇ ਇੱਕਲੌਤੀ ਸੰਤਾਨ ਹੋਣ ਦੀ ਸੂਰਤ ਵਿੱਚ ਲੜਕੀਆਂ ਲਈ ਵੱਖਰੀਆਂ ਸੀਟਾਂ ਰਾਖਵੀਆਂ ਰੱਖੀਆ ਗਈਆ ਹਨ। ਲੜਕੀਆਂ ਦੀ ਸੁਰੱਖਿਆ ਲਈ ਜਿੱਥੇ ਕਾਲਜ ਵਿੱਚ ਪਛਾਣ-ਪੱਤਰ ਜਰੂਰੀ ਬਣਾਇਆ ਗਿਆ ਹੈ ਉੱਥੇ ਲੋੜੀਂਦੇ ਸਥਾਨਾਂ ਤੇ ਨਿਗਰਾਨੀ ਕੈਮਰੇ ਲਗਾਏ ਗਏ ਹਨ, ਉਹਨਾਂ ਲਈ ਅਲੱਗ ਕੰਟੀਨ ਅਤੇ ਕਾਮਨ - ਰੂਮ ਦੀ ਵਿਵਸਥਾ ਕੀਤੀ ਗਈ ਹੈ।ਡੀਨ ਵਿਦਿਆਰਥੀ (ਲੜਕੀਆਂ) ਵੱਲੋਂ ਲਗਾਤਾਰ ਕਾਲਜ ਸਟਾਫ ਨੂੰ ਇਸ ਸਬੰਧ ਵਿੱਚ ਜਾਗਰੂਕ ਕੀਤਾ ਜਾਂਦਾ ਹੈ ਅਤੇ ਇਸ ਗੱਲ ਲਈ ਪ੍ਰੇਰਿਤ ਕੀਤਾ ਜਾਂਦਾ ਹੈ ਕਿ ਸਾਰੇ ਵਿਦਿਆਰਥੀਆਂ ਅਤੇ ਖਾਸ ਤੌਰ ਤੇ ਲੜਕੀਆ ਨਾਲ ਸਬੰਧਿਤ ਕਿਸੇ ਵੀ ਛੋਟੀ ਤੋਂ ਛੋਟੀ ਸਮੱਸਿਆ ਜਾਂ ਦਿੱਕਤ ਤੇ ਫੌਰੀ ਧਿਆਨ ਦਿੱਤਾ ਜਾਵੇ।

ਕਾਲਜ ਵੱਲੋਂ ਉਚੇਚੇ ਤੌਰ ਤੇ ਇਸ ਯੋਜਨਾ ਨੂੰ ਲਾਗੂ ਕਰਨ ਕਾਰਣ ਵਿਦਿਆਰਥੀਆਂ ਦੇ ਮਾਪਿਆਂ ਦਾ ਵਿਸ਼ਵਾਸ ਵਧਿਆ ਹੈ ਤੇ ਉਹ ਲੜਕੀਆਂ ਨੂੰ ਕਾਲਜ ਵਿੱਚ ਪੜਾਉਣ ਲਈ ਬਹੁਤ ਉਤਸ਼ਾਹਿਤ ਹਨ ਜਿਸ ਦਾ ਸਬੂਤ ਇਹ ਹੈ ਕਿ ਕਾਲਜ ਵਿੱਚ ਅੱਧੇ ਤੋਂ ਵੱਧ ਵਿਦਿਆਰਥੀ ਲੜਕੀਆਂ ਹਨ।ਜਿੱਥੇ ਪੰਜਾਬ ਵਿੱਚ ਇੱਕ ਮੁੱਖ ਤਿਉਹਾਰ ‘ ਲੋਹੜੀ’ ਨੂੰ ਮੁੰਡਿਆਂ ਦੇ ਜਨਮ ਦਿਨ ਦੀ ਖੁਸ਼ੀ ਸਾਂਝੀ ਕਰਨ ਲਈ ਮਨਾਇਆ ਜਾਂਦਾ ਹੈ ਉੱਥੇ ਮੋਦੀ ਕਾਲਜ ਆਪਣੇ ਕੈਂਪਸ ਵਿੱਚ ਹਰ ਸਾਲ ਪੈਸਦਾ ਹੋਣ ਵਾਲੀਆਂ ਲੜਕੀਆਂ ਦੀ ਖੁਸ਼ੀ ਸਾਂਝੀ ਕਰਨ ਲਈ ‘ਲੋਹੜੀ’ ਮਨਾਉਂਦਾ ਹੈ।

**ਕਾਲਜ ਪ੍ਰਸ਼ਾਸ਼ਨ ਵੱਚਨਬੱਧ ਹੈ:**

- ਲ਼ੜਕੀਆਂ ਲਈ ਸੁਰੱਖਿਅਤ ਅਤੇ ਭੈ-ਰਹਿਤ ਵਾਤਾਵਰਣ ਬਣਾਈ ਰੱਖਣ ਲਈ
- ਕਿਸੇ ਮੰਦਭਾਗੀ ਘਟਨਾ ਤੋਂ ਬਚਾਉਣ ਲਈ ਜ਼ੀਰੋ-ਟੌਲਰਸ ਪਾਲਿਸੀ

- ਸਟਾਫ ਮੈਂਬਰਾਂ ਅਤੇ ਆਮ ਪਬਲਿਕ ਨੂੰ ਲਿੰਗਕ-ਸਮਾਨਤਾ ਬਾਰੇ ਜਾਗਰੂਕ ਕਰਨ ਲਈ
- ਲੜਕੀਆਂ ਨੂੰ ਸਮਰਪਿਤ ਤਿਉਹਾਰ ਮਨਾਉਣ ਲਈ